# ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ,ਪੰਜਾਬ।

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਪੰਜਵੀ ਮੰਜਿਲ, ਬਲਾਕ-ਈ, ਫੇਜ਼-8, ਅਜੀਤਗੜ੍ਹ (ਮੋਹਾਲੀ)

ਫੋਨ ਨੰ: 0172-5212345 ਫੈਕਸ ਨ: 0172-5212369, 5212370

ਈ-ਮੇਲ:civilssa@gmail.com Website: ssapujab.org


ਵੱਲ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ
3. ਸਮੂਹ ਸਕੂਲ ਮੁੱਖੀ, (ਵੈੱਬ ਸਾਈਟ ਰਾਹੀਂ), ਪੰਜਾਬ।

ਮੀਮੋ ਨੰ: ਸਸਅ/ਸਿਵਲ ਵਰਕਸ/2016/ 8027-28
ਮਿਤੀ, ਮੋਹਾਲੀ : 20-05-2016

**ਵਿਸ਼ਾ :** **ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ "ਸੋਹਣਾ ਸਕੂਲ ਮੁਹਿੰਮ" ਚਲਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਭਾਰਤ ਸਰਕਾਰ ਵੱਲੋਂ **"ਸਵੱਛ ਭਾਰਤ ਅਭਿਆਨ"** ਸ਼ੁਰੂ ਕੀਤਾ ਗਿਆ ਹੈ। ਜਿਸ ਤਹਿਤ ਸਕੂਲਾਂ ਨੂੰ ਸਾਫ-ਸੁਥਰਾ ਰੱਖਣ ਸਬੰਧੀ ਸਿੱਖਿਆ ਵਿਭਾਗ ਵੱਲੋਂ ਪਿਛਲੇ ਸਾਲ ਮਿਤੀ 29-09-2014 ਤੋਂ 31-10-2014 ਤੱਕ ਰਾਜ ਦੇ ਸਮੂਹ ਸਕੂਲਾਂ ਵਿੱਚ **"ਸੋਹਣਾ ਸਕੂਲ ਮੁਹਿੰਮ"** ਚਲਾਈ ਗਈ ਸੀ। ਸਕੂਲ ਦਾ ਸਮੂਹ ਸਟਾਫ/ਵਿਦਿਆਰਥੀ/ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਇਹ ਮੁਹਿੰਮ ਆਪਣੇ ਸਕੂਲ ਵਿੱਚ ਚਲਾਈ ਜਾ ਰਹੀ ਹੈ। ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਪਿੰਡ ਦੀ ਪੰਚਾਇਤ/ਲੋਕਲ ਕਮਿਊਨਟੀ/ਸਮਾਜ ਸੇਵੀ ਸੰਸਥਾਵਾਂ, ਹੈਲਥ ਸੈਂਟਰ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦਾ ਸਹਿਯੋਗ ਵੀ ਲਿਆ ਗਿਆ ਸੀ।

3.0 ਇਸ ਵਰ੍ਹੇ ਵੀ **"ਸੋਹਣਾ ਸਕੂਲ ਮੁਹਿੰਮ"** ਸਮੂਹ ਸਕੂਲਾਂ ਵਿਚ ਜਾਰੀ ਰਹੇਗੀ ਅਤੇ ਇਸ ਮੁਹਿੰਮ ਤਹਿਤ ਸਕੂਲਾਂ ਵਿਚ ਹੇਠ ਲਿਖਿਆਂ ਕ੍ਰਿਆਵਾਂ ਚਲਾਈਆਂ ਜਾਣ ਗੀਆਂ/ਚਲਾਈਆਂ ਜਾਣ:

- ਸਕੂਲ ਦੀ ਸਵੇਰ ਵੇਲੇ ਪ੍ਰਾਰਥਨਾ ਸਭਾ ਵਿਚ ਸਫਾਈ ਦੀ ਅਹਿਮੀਅਤ ਬਾਰੇ ਦੱਸਿਆ ਜਾਵੇ। ਸਫਾਈ ਰੱਬੀ ਦਾਤ ਹੈ, ਦਾ ਜਿਕਰ ਕਰਦੇ ਹੋਏ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਵੱਲੋਂ ਦਿੱਤੀਆਂ ਨਸੀਹਤਾਂ ਦਾ ਵੀ ਵਿਸੇਸ਼ਜਿਕਰ ਕੀਤਾ ਜਾਵੇ।
- ਸਕੂਲ ਵਿੱਚ ਕਲਾਸ ਰੂਮਜ਼ ਲੈਬ, ਲਾਇਬ੍ਰੇਰੀ ਅਤੇ ਕਮਰਿਆਂ ਦੀਆਂ ਛੱਤਾਂ ਦੀ ਸਾਫ ਸਫਾਈ ਵੱਲ ਵਿਸੇਸ਼ਧਿਆਨ ਦਿੱਤਾ ਜਾਵੇ।
- ਸਕੂਲ ਪਖਾਨਿਆਂ (Toilets) ਦੀ ਸੰਭਾਲ ਅਤੇ ਸਾਫ ਸਫਾਈ ਦੀ ਮੁਹਿੰਮ ਅਰੰਭੀ ਜਾਵੇ।
- ਮਿਡ ਡੇ ਮੀਲ ਦੀ ਰਸੋਈ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।
- ਸਕੂਲ ਖੇਡ ਮੈਦਾਨ ਨੂੰ ਸੰਵਾਰਨ ਲਈ ਮੁਹਿੰਮ ਅਰੰਭੀ ਜਾਵੇ।

- ਸਾਫ ਸਫਾਈ ਦੀ ਅਹਿਮੀਅਤ ਬਾਰੇ ਵਿੱਦਿਆਰਥੀਆਂ ਵਿਚ ਲੇਖ ਮੁਕਾਬਲੇ, ਪੇਂਟਿੰਗਅਤੇ ਬਹਿਸ-ਮੁਕਾਬਲੇ ਕਰਾਏ ਜਾਣ।
- ਬੱਚਿਆਂ ਨੂੰ ਆਪਣੀ ਸਰੀਰਕ ਸਫਾਈ ਬਾਰੇ ਵੀ ਜਾਗਰੂਕ ਕੀਤਾ ਜਾਵੇ।
- ਸਕੂਲ ਵਿੱਚ ਸਾਫ-ਸਫਾਈ ਦੀ ਮੁਹਿੰਮ ਨੂੰ ਸਫਲ ਬਣਾਉਣ ਲਈ ਗਠਿਤ ਕੀਤੀ "ਬਾਲ ਕੌਂਸਿਲ" ਨੂੰ ਇਸ ਸਾਲ ਵੀ ਗਠਤ ਕੀਤਾ ਜਾਵੇ।

3.0 ਉਕਤ ਕ੍ਰਿਆਵਾਂ ਨੂੰ ਸੁਚਾਰੂ ਰੂਪ ਵਿੱਚ ਲਾਗੂ ਕਰਨ ਲਈ ਸਰਕਲ ਸਿੱਖਿਆ ਅਫਸਰ, ਉੱਪ-ਸਰਕਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਉਪ-ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜਿਲ੍ਹਾ ਸਾਇੰਸ ਸੁਪਰਵਾਈਜ਼ਰ, ਕਲੱਸਟਰ ਇੰਚਾਰਜ, ਸੈਂਟਰ ਹੈੱਡ ਟੀਚਰ, ਸਰਕਲ ਬਾਰਡਰ ਅਤੇ ਜਿਲ੍ਹਾ ਪੱਧਰ ਦੀਆਂ ਇੰਸਪੈਕਸ਼ਨ ਟੀਮਾਂ ਆਦਿ ਵੱਲੋਂ ਸਕੂਲਾਂ ਦਾ ਨਿਰੀਖਣ ਦੌਰਾਨ ਇਸ ਮੁਹਿੰਮ ਨੂੰ ਸਕੂਲਾਂ ਵਿਚ ਲਾਗੂ ਕੀਤਾ ਜਾ ਰਿਹਾ ਜਾਂ ਨਹੀ ਦਾ ਵੀ ਨਿਰੀਖਣ ਕੀਤਾ ਜਾਵੇ ਅਤੇ ਇਸ ਲਈ ਸਕੂਲ ਮੁੱਖੀਆ ਨੂੰ ਪ੍ਰੇਰਿਆ ਜਾਵੇ। ਸਕੂਲਾਂ ਵੱਲੋਂ ਇਸ ਮੁਹਿੰਮ ਤਹਿਤ ਕੀਤੀਆਂ ਗਈਆਂ ਕ੍ਰਿਆਵਾਂ ਦੀ ਸੂਚਨਾਂ ਫੋਟੋ ਸਹਿਤ ਇਸ ਦਫਤਰ ਦੀ ਈਮੇਲ ਆਈ ਡੀ civilssa@gmail.com ਤੇ ਭੇਜੀਆਂ ਜਾਣ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।

ਪਿੱਠ ਅੰਕਣ ਨੰ: ਸਸਅ/ਸਿਵਲ ਵਰਕਸ/2016/ ਮਿਤੀ: / /2016

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਵੀ ਆਪਣੇ ਪੱਧਰ ਤੇ ਸਕੂਲਾਂ ਨੂੰ ਇਸ ਸਬੰਧੀ ਹਦਾਇਤਾਂ ਦੇਣ।

1. ਡੀ.ਪੀ.ਆਈ. (ਸੈ.ਸਿ./ਐ.ਸਿ.)

-ਸਹੀ-
ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।